(i) **Printed Pages : 3** **Roll No. ................................**

(ii) **Questions : 6** **Sub. Code : | 0 | 1 | 0 | 9 |**

**Exam. Code : | 0 | 0 | 0 | 2 |**

**B.A./B.Sc. (General) 2nd Semester**

**1046**

**PUNJABI**

**Paper–(Elective)**

**Time Allowed : Three Hours]** **[Maximum Marks : 90**

**ਨੋਟ :** ਭਾਗਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਇਕੋ ਥਾਂ ਕੀਤੇ ਜਾਣ।

1. (ੳ) ਕਿਸੇ **ਇੱਕ** ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਮੇਰਾ ਹਰ ਦਰਦ ਇੱਕੋ ਸੂਈ ਦੇ ਨੱਕੇ 'ਚੋਂ ਲੰਘਦਾ ਹੈ
ਲੁਟਿਆ ਅਮਨ ਸੋਚਾਂ ਦਾ, ਕਤਲ ਹੈ ਜਸ਼ਨ ਖੇਤਾਂ ਦਾ।
ਉਹ ਹੀ ਬਣ ਰਹੇ ਨੇ ਦੇਖ ਤੇਰੇ ਹੁਸਨ ਦੇ ਦੁਸ਼ਮਣ
ਜੋ ਅੱਜ ਤੀਕਣ ਰਹੇ ਚਰਦੇ, ਅਸਾਡਾ ਹੁਸਨ ਖੇਤਾਂ ਦਾ।

(ii) ਤੁਹਾਡੀ ਅੱਖ ਦਾ ਸੁਪਨਾ ਹਕੀਕਤ ਵਿਚ ਕਦੋਂ ਬਦਲੂ
ਕਿ ਇਹ ਦੂਰ-ਦੂਰ ਜ਼ਮਾਨੇ ਦੀ ਮੁਹੱਬਤ ਵਿੱਚ ਕਦੋਂ ਬਦਲੂ
ਤੇ ਆਦਮ-ਜਾਤ ਦੀ ਹਿੰਸਾ ਹਿਫ਼ਾਜਤ ਵਿੱਚ ਕਦੋਂ ਬਦਲੂ 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਲਿਖੋ :

(i) ਚੂੜੀਆਂ ਦਾ ਹੋਕਾ

(ii) ਅੰਗੂਠਾ। 10

2. (ੳ) ਲੱਖੀ ਦੀ ਗੰਡੂ ਨਾਲ ਝੜਪ ਦੀ ਘਟਨਾ ਕਿਵੇਂ ਵਾਪਰੀ ? ਇਸ ਝੜਪ ਪਿਛੋਂ ਲੱਖੀ ਪਿੰਡੋਂ ਨਿਕਲਕੇ ਕਿਹੜੇ ਰਾਹ ਪੈ ਗਿਆ ?

**ਜਾਂ**

ਲੱਖੀ ਦੁਆਰਾ ਭਾਰਾ ਪੱਥਰ ਚੁੱਕਣ ਦੀ ਘਟਨਾ ਦਾ ਬਿਆਨ ਕਰੋ। 10

(ਅ) ਦੁਆਬਾ ਨਾਵਲ ਦੀ ਸਾਹਿਤਕ ਦ੍ਰਿਸ਼ਟੀਕੋਣ ਤੋਂ ਆਲੋਚਨਾ ਕਰੋ।

**ਜਾਂ**

ਦੀਪੋ (ਦਲੀਪ ਕੌਰ) ਦਾ ਚਰਿੱਤਰ ਚਿਤਰਨ ਕਰੋ। 10

3. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਪੰਜ** ਦੇ ਸੰਖੇਪ ਉੱਤਰ ਲਿਖੋ :

(i) ਪਾਸ਼ ਦੀਆਂ ਜਿੰਨੀਆਂ ਕਵਿਤਾਵਾਂ 'ਨਕਸ਼ ਨੁਹਾਰ' ਕਾਵਿ-ਸੰਗ੍ਰਹਿ ਵਿੱਚ ਦਰਜ ਹਨ, ਉਨ੍ਹਾਂ ਦੇ ਨਾਂ ਲਿਖੋ।

(ii) ਕਵੀ ਪੁਰਖਿਆਂ ਨਾਲ ਗੱਲਾਂ ਕਰਨ ਨੂੰ ਕਿਉਂ ਕਹਿੰਦਾ ਹੈ ?

(iii) ਮੁਹੱਬਤ ਦਾ ਵਿਯੋਗੀ ਚੌਰਾਹੇ ਵਿੱਚ ਖੜਾ ਹੋਕੇ ਕੀ ਊਲ-ਜਲੂਲ ਬੋਲਦਾ ਹੈ ?

(iv) ਸਰਦਲ ਉੱਤੇ ਰੱਖਿਆ ਦੀਵਾ ਕਿੰਨ੍ਹਾਂ ਨੂੰ ਸੱਦਾ ਦਿੰਦਾ ਹੈ ?

(v) ਦੁਆਬਾ ਨਾਵਲ ਦੀ ਨਾਇਕਾ ਕੌਣ ਹੈ ? ਨਾਵਲ ਦੇ ਇਸਤਰੀ ਪਾਤਰਾਂ ਬਾਰੇ ਸੰਖੇਪ ਜਾਣਕਾਰੀ ਦਿਓ।

(vi) ਸੁਦਾਗਰ ਨੇ ਵਰਿਆਮ ਸਿੰਘ ਦਾ ਕਤਲ ਕਿਸ ਤਰ੍ਹਾਂ ਕੀਤਾ ?

(vii) ਦੀਪੋ ਲੱਖੀ ਨਾਲ ਕਿਉਂ ਨਰਾਜ਼ ਹੋਈ ?

(viii) ਜਿੰਦਾਂ ਅਨੁਸਾਰ ਅਣਖ ਵਾਲਾ ਜੱਟ ਨਵੇਂ ਕੱਪੜੇ ਕਦੋਂ ਪਾਉਂਦਾ ਹੈ ?

5×2=10